# ਡਰੱਗ ਬਾਰੇ ਜਾਣਕਾਰੀ

## ਨੈੱਲਫ਼ੀਨਾਵੀਰ (Nelfinavir) (ਵੀਰਾਸੈਪਟ)

### ਮੈਨੂੰ ਨੈੱਲਫ਼ੀਨਾਵੀਰ (Nelfinavir) ਦਵਾਈ ਦੇ ਤੌਰ ਤੇ ਕਿਉਂ ਦਿੱਤੀ ਜਾਂਦੀ ਹੈ?

- ਨੈੱਲਫ਼ੀਨਾਵੀਰ (Nelfinavir) (ਵੀਰਾਸੈਪਟ) ਇੱਕ ਅਜਿਹੀ ਦਵਾਈ ਹੁੰਦੀ ਹੈ ਜਿਸ ਨੂੰ HIV (ਹਿਊਮਨ ਇੰਮਿਉਨੁਡੈਫ਼ੀਸ਼ੈਂਸੀ ਵਾਇਰਸ) ਦੀ ਲਾਗ ਦੇ ਇਲਾਜ ਲਈ ਦੂਜੀਆਂ ਦਵਾਈਆਂ ਨਾਲ ਮਿਲਾ ਕੇ ਵਰਤਿਆ ਜਾਂਦਾ ਹੈ।
- ਨੈੱਲਫ਼ੀਨਾਵੀਰ (Nelfinavir) "ਪਰੋਟੀਜ਼" ਨਾਂ ਦੇ ਪ੍ਰੋਟੀਨ ਨੂੰ ਰੋਕ ਪਾਉਂਦੀ ਹੈ। ਇਹ ਦਵਾਈਆਂ ਦੀ ਪ੍ਰੋਟੀਜ਼ ਇੰਨਹਿੱਬਟਰਜ਼ (PIs) ਸ਼੍ਰੇਣੀ ਵਿੱਚ ਆਉਂਦੀ ਹੈ। ਏਚ ਆਈ ਵੀ (HIV) ਦੇ ਵਾਇਰਸ ਨੂੰ ਵਧਣ-ਫੁੱਲਣ ਲਈ ਇਸ ਪ੍ਰੋਟੀਨ ਦੀ ਲੋੜ ਹੁੰਦੀ ਹੈ ਸੋ, ਇਸ ਉੱਤੇ ਰੋਕ ਪਾ ਕੇ ਦਵਾਈ ਏਚ ਆਈ ਵੀ (HIV) ਦੇ ਵਾਧੇ ਨੂੰ ਮੱਧਮ ਪਾ ਦਿੰਦੀ ਹੈ।
- ਇਹ ਦਵਾਈ ਤੁਹਾਡੇ ਸਰੀਰ ਅੰਦਰ ਵਾਇਰਸ ਦੀ ਮਾਤਰਾ ਨੂੰ ਘਟਾਅ ਸਕਦੀ ਹੈ। ਇਹ ਏਡਜ਼ ਨਾਲ ਸੰਬੰਧਤ ਬਿਮਾਰੀਆਂ ਤੋਂ ਬਿਮਾਰ ਹੋਣ ਦੇ ਮੌਕੇ ਘਟਾਅ ਦਿੰਦੀ ਹੈ, ਤੁਹਾਨੂੰ ਲੰਮੇਂ ਸਮੇਂ ਲਈ ਤੰਦਰੁਸਤ ਰੱਖਣ ਵਿੱਚ ਜਾਂ ਆਪਣੀ ਸੇਹਤ ਬਹਾਲ ਕਰਨ ਵਿੱਚ ਮਦਦ ਕਰਦੀ ਹੈ। ਤੁਹਾਡੇ ਅੰਦਰ ਬਿਮਾਰੀ ਤੋਂ ਬਚਾਅ ਕਰਨ ਦੇ ਸਿਸਟਮ ਨੂੰ ਨੁਕਸਾਨ ਹੋਣ ਤੋਂ ਬਚਾਉਂਦੀ ਹੈ।

### ਇਹ ਦਵਾਈ ਮੈਨੂੰ ਕਿਵੇਂ ਲੈਣੀ ਚਾਹੀਦੀ ਹੈ?

- ਨੈੱਲਫ਼ੀਨਾਵੀਰ (Nelfinavir) 250mg ਦੀਆਂ ਗੋਲੀਆਂ ਦੇ ਰੂਪ ਵਿੱਚ ਮਿਲਦੀ ਹੈ। ਨੈੱਲਫ਼ੀਨਾਵੀਰ (Nelfinavir) ਦੀ ਆਮ ਖ਼ੁਰਾਕ 1,250 mg (5 ਗੋਲ਼ੀਆਂ) ਦਿਨ ਵਿੱਚ ਦੋ ਵਾਰੀ ਜਾਂ 750mg (3 ਗੋਲ਼ੀਆਂ) ਦਿਨ ਵਿੱਚ ਤਿੰਨ ਵਾਰੀ ਲੈਣੀ ਹੁੰਦੀ ਹੈ।
- ਨੈੱਲਫ਼ੀਨਾਵੀਰ (Nelfinavir) ਭੋਜਨ ਨਾਲ ਲੈਣੀ ਚਾਹੀਦੀ ਹੈ।
- ਨੈੱਲਫ਼ੀਨਾਵੀਰ (Nelfinavir) ਨੂੰ ਕਮਰੇ ਦੇ ਤਾਪਮਾਨ ਵਿੱਚ ਅਤੇ ਖੁਸ਼ਕ ਜਗ੍ਹਾ ਸਾਂਭ ਕੇ ਰੱਖਣਾ ਚਾਹੀਦਾ ਹੈ। ਇਸ ਦਵਾਈ ਨੂੰ ਵਾਸ਼ਰੂਮ ਜਾਂ ਕਿਚਨ ਵਿੱਚ ਨਾ ਰੱਖੋ ਕਿਉਂਕਿ ਨਮੀ ਇਸ ਦਵਾਈ ਦੀ ਅਸਰਦਾਇਕਤਾ ਨੂੰ ਘੱਟ ਕਰ ਸਕਦੀ ਹੈ।
- ਇਸ ਨੂੰ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

### ਜੇ ਮੈਂ (ਦਵਾਈ ਦੀ) ਖ਼ੁਰਾਕ ਲੈਣੀ ਭੁੱਲ ਜਾਵਾਂ ਤਾਂ ਕੀ ਹੁੰਦਾ ਹੈ?

- ਖੁੰਝ ਗਈ (ਦਵਾਈ ਦੀ) ਖ਼ੁਰਾਕ ਨੂੰ ਜਿੰਨੀ ਛੇਤੀ ਹੋ ਸਕੇ ਲੈ ਲਓ। ਜੇ ਤੁਹਾਡੀ (ਦਵਾਈ ਦੀ) ਅਗਲੀ ਖ਼ੁਰਾਕ ਲੈਣ ਦਾ ਸਮਾਂ ਦੋ ਘੰਟੇ ਤੋਂ ਘੱਟ ਹੋਵੇ ਤਾਂ ਬਾਕਾਇਦਾ ਨੇਮ ਜਾਰੀ ਰੱਖੋ, (ਦਵਾਈ ਦੀ) ਖ਼ੁਰਾਕ ਦੁਗਣੀ ਨਾ ਲਓ।
- ਹੁਣੇ ਹੁਣੇ ਹੋਏ ਅਧਿਐਨਾਂ ਤੋਂ ਪਤਾ ਲੱਗਾ ਹੈ ਕਿ HIV ਵਿਰੁੱਧ ਦਵਾਈਆਂ ਤਾਂ ਹੀ ਕੰਮ ਕਰਦੀਆਂ ਹਨ ਜੇ ਦਵਾਈਆਂ ਨੂੰ ਬਾਕਾਇਦਗੀ ਅਤੇ ਇੱਕਸਾਰਤਾ ਨਾਲ ਲਿਆ ਜਾਂਦਾ ਹੈ। (ਦਵਾਈ ਦੀ) ਖ਼ੁਰਾਕ ਲੈਣੀ ਖੁੰਝਣ ਜਾਂ ਭੁੱਲ ਜਾਣ ਨਾਲ ਦਵਾਈ ਆਪਣੀ ਅਸਰਦਾਇਕਤਾ ਗਵਾ ਲੈਂਦੀ ਹੈ ਕਿਉਂਕਿ ਵਾਇਰਸ ਆਪਣੇ ਆਪ ਬਦਲ ਸਕਦਾ ਹੈ ਅਤੇ ਦਵਾਈ ਨੂੰ ਬੇਅਸਰ ਕਰ ਦਿੰਦਾ ਹੈ।

### ਨੈੱਲਫ਼ੀਨਾਵੀਰ (Nelfinavir) ਦੇ ਮੰਦੇ ਅਸਰ ਕੀ ਹੁੰਦੇ ਹਨ?

- ਨੈੱਲਫ਼ੀਨਾਵੀਰ (Nelfinavir) ਦਾ ਸਭ ਤੋਂ ਵੱਧ ਗੰਭੀਰ ਮਦਾ ਅਸਰ ਦਸਤ ਲੱਗਣਾ ਹੁੰਦਾ ਹੈ। ਇਸ ਉੱਤੇ ਐਂਟੀ-ਡਾਇਰੀਅਅਲ (ਦਸਤ ਰੋਕਨ ਲਈ) ਦਵਾਈਆਂ ਜਿਵੇਂ ਕਿ ਲੋਪੀਅਰਾਮਾਈਡ (ਇਮੋਡੀਅਮ) ਜਾਂ ਪ੍ਰਤੀਵਰਤਣ ਵਿਰੁੱਧ ਕੰਮ ਕਰਨ ਵਾਲਾ ਏਜੰਟ ਜਿਵੇਂ ਕਿ ਕੋਡੀਨ ਨਾਲ ਕਾਬੂ ਪਾਇਆ ਜਾ ਸਕਦਾ ਹੈ। ਕੈਲਸੀਅਮ (500 mg ਦਿਨ ਵਿੱਚ ਦੋ ਵਾਰੀ) ਜਾਂ ਫ਼ਲਾਉਣ ਵਾਲੇ ਏਜੰਟ (ਜਿਵੇਂ ਕਿ ਮੈਟਾਮੂਸਿਲ ਅਤੇ ਵੱਧ ਰੇਸ਼ੇ ਵਾਲੀ ਖ਼ੁਰਾਕ) ਦਸਤ ਉੱਤੇ ਕਾਬੂ ਪਾਉਣ ਵਿੱਚ ਸਹਾਈ ਹੋ ਸਕਦੇ ਹਨ।
- ਦੂਜੇ ਮੰਦੇ ਅਸਰਾਂ ਵਿੱਚ ਇਹ ਸ਼ਾਮਲ ਹਨ:

  ~ ਪੇਟ ਵਿੱਚ ਬੇਅਰਾਮੀ

  ~ ਕਚਿਆਣ



ASAAP
ALLIANCE FOR SOUTH ASIAN AIDS PREVENTION
www.asaap.ca

CATIE
Canadian AIDS Treatment Information Exchange
Réseau canadien d'info-traitements sida
www.catie.ca

~ ਗੈਸ
~ ਛਪਾਕੀ

- ਨੈੱਲਫ਼ੀਨਾਵੀਰ (Nelfinavir) ਦੇ ਲੰਮੇਂ ਸਮੇਂ ਲਈ ਹੋਣ ਵਾਲੇ ਮੰਦੇ ਅਸਰਾਂ ਵਿੱਚ ਹੇਠ ਦਰਜ ਸ਼ਾਮਲ ਹਨ:
  ~ ਤੁਹਾਡੇ ਖ਼ੂਨ ਅੰਦਰ ਸ਼ੱਕਰ ਅਤੇ ਚਰਬੀ (ਕਲੈੱਸਟਰੋਲ, ਟਰਾਈਗਲਾਈਸਰਾਈਡ) ਦੀ ਪੱਧਰ ਵਿੱਚ ਵਾਧਾ ਹੋਣਾ
  ~ ਤੁਹਾਡੇ ਸਰੀਰ ਵਿੱਚ ਚਰਬੀ ਦੀ ਅਸਧਾਰਨ ਵੰਡ ( ਕਮਰ ਅਤੇ ਛਾਤੀ ਦੇ ਆਕਾਰ ਵਿੱਚ ਵਾਧਾ ਅਤੇ ਚੇਹਰੇ,ਬਾਹਾਂ ਅਤੇ ਲੱਤਾਂ ਦਾ ਪਤਲਾ ਹੋ ਜਾਣਾ)
- ਜੇ ਤੁਹਾਨੂੰ ਇਹ ਮੰਦੇ ਅਸਰ ਦਿੱਸਣ ਤਾਂ ਆਪਣੇ ਡਾਕਟਰ ਜਾਂ ਦਵਾਈ ਫ਼ਰੋਸ਼ ਨਾਲ ਗੱਲਬਾਤ ਕਰੋ। ਉਨ੍ਹਾਂ ਨਾਲ ਗੱਲਬਾਤ ਕਰਨ ਤੋਂ ਪਹਿਲਾਂ ਦਵਾਈ ਲੈਣੀ ਬੰਦ ਨਾ ਕਰੋ ਜਾਂ (ਦਵਾਈ ਦੀ) ਖ਼ੁਰਾਕ ਵਿੱਚ ਤਬਦੀਲੀ ਨਾ ਕਰੋ।

## ਕੀ ਮੈਂ ਨੈੱਲਫ਼ੀਨਾਵੀਰ (Nelfinavir) ਨੂੰ ਦੂਜੀਆਂ ਦਵਾਈਆਂ ਦੇ ਨਾਲ ਲੈ ਸਕਦਾ ਹਾਂ?

- ਦੂਜੀਆਂ ਦਵਾਈਆਂ ਨਾਲ ਮਿਲ ਕੇ ਨੈੱਲਫ਼ੀਨਾਵੀਰ (Nelfinavir) ਦਾ ਅਸਰ ਮਾੜਾ ਹੋ ਸਕਦਾ ਹੈ। ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਡਾਕਟਰ ਅਤੇ ਦਵਾਈ ਫ਼ਰੋਸ਼ ਨੂੰ ਦੱਸੋ ਕਿ ਤੁਸੀਂ ਕਿਹੜੀਆਂ ਦਵਾਈਆਂ ਨੁਸਖ਼ੇ ਨਾਲ ਅਤੇ ਕਿਹੜੀਆਂ ਬਿਨਾ ਨੁਸਖ਼ੇ (ਸਮੇਤ ਵਿਟਾਮਿਨ ਅਤੇ ਜੜੀਆਂ-ਬੂਟੀਆਂ ਦੇ) ਤੋਂ ਲੈ ਰਹੇ ਹੋ।
- ਨੈੱਲਫ਼ੀਨਾਵੀਰ (Nelfinavir) ਹੈਲਸੀਅਨ (ਟ੍ਰੀਅਜ਼ੋਲਮ), ਵੈਰਸੈਡ (ਮੀਡਾਜ਼ੋਲਮ) ਹਿਸਮਨਾਲ (ਐਸਟਮਿਜ਼ੋਲ) ਸੈਲਡੇਨ (ਟੈਰਫੈਨਡਾਈਨ), ਪ੍ਰੋਪੁਲਸਿਡ (ਸੀਸਾਪਰਾਈਡ), ਕੋਰਡਾਰੋਨ (ਅਮੀਉਡਰੋਨ) ਕੁਇਨੀਡੀਨ,ਰਿਫ਼ਾਮਪਿੰਨ ਮਾਈਗਰੇਨ ਲਈ ਦਵਾਈਆਂ (ਜਿਵੇਂ ਕਿ ਐਰਗੋਮਾਰ, ਕੇਫ਼ਰਗਾਟ) ਨਾਲ ਨਹੀਂ ਲੈਣੀ ਚਾਹੀਦੀ।
- ਨੈੱਲਫ਼ੀਨਾਵੀਰ (Nelfinavir) ਸੰਤਾਨ ਸੰਜਮ ਲਈ ਗੋਲੀਆਂ ਦੀ ਅਸਰਦਾਇਕਤਾ ਨੂੰ ਘਟਾਅ ਸਕਦੀ ਹੈ। ਜੇ ਤੁਸੀਂ ਨੈੱਲਫ਼ੀਨਾਵੀਰ (Nelfinavir) ਲੈਂਦੇ ਹੋਵੋ ਤਾਂ ਸੰਤਾਨ ਸੰਜਮ ਦੇ ਬਦਲਵੇਂ ਢੰਗ ਜਿਵੇਂ ਕਿ ਲੇਟੈਕਸ ਕਾਂਡੰਮਜ਼ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।

## ਕੀ ਮੈਂ ਨੈੱਲਫ਼ੀਨਾਵੀਰ (Nelfinavir) ਨੂੰ ਸ਼ਰਾਬ ਜਾਂ ਬਜ਼ਾਰੂ ਡਰੱਗਾਂ ਦੇ ਨਾਲ ਲੈ ਸਕਦਾ ਹਾਂ?

- ਜਦੋਂ ਤੁਸੀਂ ਨੈੱਲਫ਼ੀਨਾਵੀਰ (Nelfinavir) ਲੈ ਰਹੇ ਹੋਵੋ ਤਾਂ ਚੰਗਾ ਇਹ ਹੀ ਹੈ ਕਿ ਸ਼ਰਾਬ ਨੂੰ ਭਾਰੀ ਮਿਕਦਾਰ ਵਿੱਚ ਵਰਤਣ ਤੋਂ ਪਰਹੇਜ਼ ਕਰੋ।ਸ਼ਰਾਬ ਨਾਲ ਤੁਹਾਡੇ ਵੱਲੋਂ ਲੱਈਆਂ ਜਾ ਰਹੀਆਂ ਦਵਾਈਆਂ ਦਾ ਅਸਰ ਮਾੜਾ ਹੁੰਦਾ ਹੈ। ਤੁਸੀਂ ਸ਼ਰਾਬ ਪੀਣੀ ਚਾਹੁੰਦੇ ਹੋ ਤਾਂ ਇਸ ਕਾਰਨ (ਦਵਾਈ ਦੀ) ਖ਼ੁਰਾਕ ਲੈਣੀ ਨਾ ਖੁੰਝੋ।
- ਨੈੱਲਫ਼ੀਨਾਵੀਰ (Nelfinavir) ਦਾ ਅਸਰ ਬਜ਼ਾਰੂ ਡਰੱਗਾਂ ਨਾਲ ਮਾੜਾ ਹੁੰਦਾ ਹੈ। ਜੇ ਤੁਸੀਂ ਬਜ਼ਾਰੂ ਡਰੱਗਾਂ ਲੈਂਦੇ ਹੋਵੋ ਤਾਂ ਆਪਣੇ ਡਾਕਟਰ ਜਾਂ ਦਵਾਈ ਫ਼ਰੋਸ਼ ਨਾਲ ਗੱਲਬਾਤ ਕਰੋ ਉਹ ਤੁਹਾਨੂੰ ਜ਼ਰੂਰੀ ਸਾਵਧਾਨੀ ਵਰਤਣ ਬਾਰੇ ਮਸ਼ਵਰਾ ਦੇ ਸਕਦੇ ਹਨ।

## ਗਰਭਵਤੀ ਹੋਣ ਜਾਂ ਛਾਤੀ ਦਾ ਦੁੱਧ ਚੁੰਘਾਉਣ ਦੀ ਸਥਿਤੀ ਵਿੱਚ ਕੀ ਮੈਂ ਨੈੱਲਫ਼ੀਨਾਵੀਰ (Nelfinavir) ਲੈ ਸਕਦੀ ਹਾਂ?

- ਜੇ ਤੁਸੀਂ ਗਰਭਵਤੀ ਹੋ ਅਤੇ ਨੈੱਲਫ਼ੀਨਾਵੀਰ (Nelfinavir) ਲੈਣੀ ਚਾਹੁੰਦੇ ਹੋਵੋ ਤਾਂ ਆਪਣੇ ਡਾਕਟਰ ਨਾਲ ਗਲਬਾਤ ਕਰੋ।
- ਕਿਉਂਕਿ ਏਚ ਆਈ ਵੀ (HIV) ਦੀ ਬਿਮਾਰੀ ਛਾਤੀ ਦੇ ਦੁੱਧ ਰਾਹੀਂ ਵੀ ਲੱਗ ਸਕਦੀ ਹੈ,ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ HIV (ਏਚ ਆਈ ਵੀ) ਦੀਆਂ ਯਕੀਨੀ ਬਿਮਾਰ ਔਰਤਾਂ ਛਾਤੀ ਦਾ ਦੁੱਧ ਨਾ ਚੁੰਘਾਉਣ।

## ਨੈੱਲਫ਼ੀਨਾਵੀਰ (Nelfinavir) ਲੈਣ ਲਗਿਆਂ ਕਿਹੜੀਆਂ ਹੋਰ ਗੱਲਾਂ ਬਾਰੇ ਮੈਨੂੰ ਸਾਵਧਾਨੀ ਵਰਤਣੀ ਚਾਹੀਦੀ ਹੈ?

- ਜਿਗਰ ਅਤੇ ਗੁਰਦੇ ਦੀ ਹਾਲਤ ਅਤੇ ਖ਼ੂਨ ਵਿੱਚ ਸ਼ੱਕਰ, ਅਤੇ ਚਰਬੀ ਅਤੇ ਟਰਾਈਗਲਾਈਸਰਾਈਡ ਦੀ ਪੱਧਰ ਦਾ ਪਤਾ ਕਰਨ ਲਈ ਖ਼ੂਨ ਦੇ ਟੈੱਸਟ ਕਰਵਾਉਣ ਵਾਸਤੇ ਬਾਕਾਇਦਗੀ ਨਾਲ ਆਪਣੇ ਡਾਕਟਰ ਕੋਲ ਜਾਂਦੇ ਰਹੋ।
- ਯਕੀਨੀ ਬਣਾਓ ਕਿ ਤੁਹਾਨੂੰ ਦਵਾਈ ਲਗਾਤਾਰ ਮਿਲਦੀ ਰਹੇ।
- ਨੈੱਲਫ਼ੀਨਾਵੀਰ (Nelfinavir) ਵਾਇਰਸ ਨੂੰ ਖ਼ਤਮ ਨਹੀਂ ਕਰਦੀ ਜਾਂ ਏਡਜ਼ ਦਾ ਇਲਾਜ ਨਹੀਂ ਕਰਦੀ। ਇਹ ਏਚ ਆਈ ਵੀ (HIV)ਨੂੰ ਲਗਨ ਤੋਂ ਵੀ ਨਹੀਂ ਰੋਕਦੀ, ਇਸ ਲਈ ਯਾਦ ਰੱਖੋ ਕਿ ਸੰਭੋਗ ਕਰਨ ਸਮੇਂ (ਲੇਟੈਕਸ ਕਾਂਡੰਮਜ਼ ਦੀ ਵਰਤੋ) ਜਾਂ ਡਰੱਗਾਂ ਵਰਤਦਿਆਂ (ਸਾਫ਼ ਸੂਈਆਂ) ਸਾਵਧਾਨੀ ਵਰਤੋ।

ਖ਼ਾਸ ਡਾਕਟਰੀ ਇਲਾਜਾਂ ਲਈ ਫ਼ੈਸਲੇ ਅਜਿਹੇ ਯੋਗਤਾਪ੍ਰਾਪਤ ਕੰਮ ਕਰਦੇ ਡਾਕਟਰ ਨਾਲ ਮਸ਼ਵਰਾ ਕਰ ਕੇ ਕੀਤੇ ਜਾਣੇ ਚਾਹੀਦੇ ਹਨ ਜੋ ਐੱਚ ਆਈ ਵੀ (HIV) ਨਾਲ ਸੰਬੰਧਤ ਬਿਮਾਰੀਆਂ ਅਤੇ ਵਿਚਾਰ ਅਧੀਨ ਇਲਾਜਾਂ ਬਾਰੇ ਜਾਣਕਾਰੀ ਰੱਖਦੇ ਹੋਣ।

ਐੱਚ ਆਈ ਵੀ/ਏਡਜ਼ (HIV/AIDS) ਦੇ ਅਜਿਹੇ ਬਿਮਾਰ ਲੋਕ ਜੋ ਦੇਖ-ਭਾਲ ਪਰਦਾਨ ਕਰਨ ਵਾਲਿਆਂ ਨਾਲ ਮਿਲ ਕੇ ਆਪਣੀ ਸੇਹਤ ਦੀ ਸੰਭਾਲ ਕਰਨਾ ਚਾਹੁੰਦੇ ਹੋਣ ਦੀ ਮਦਦ ਕਰਨ ਲਈ ਕਨੇਡੀਅਨ ਐਡਜ਼ ਟਰੀਟਮੈਂਟ ਇਂਨਫ਼ਰਮੇਸ਼ਨ ਐਕਸਚੇਂਜ (Canadian AIDS Treatment Information Exchange) (CATIE) ਅਤੇ ਅਲਾਇਐਂਸ ਫ਼ਾਰ ਸਾਊਥ ਏਸ਼ੀਅਨ ਏਡਜ਼ ਪਰੀਵੈਨਸ਼ਨ (ASAAP) ਨੇਕ ਨੀਤੀ ਨਾਲ ਉਨ੍ਹਾਂ ਨੂੰ ਜਾਣਕਾਰੀ ਦੇ ਸਾਧਨ ਮੁਹੱਈਆ ਕਰਦੇ ਹਨ। ਫ਼ਿਰ ਵੀ, ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਵੱਲੋਂ ਮੁਹੱਈਆ ਕੀਤੀ ਜਾਂ ਪ੍ਰਕਾਸ਼ਤ ਕੀਤੀ ਜਾਂ ਇਸ ਰਾਹੀਂ ਪ੍ਰਾਪਤ ਕੀਤੀ ਜਾਣਕਾਰੀ ਨੂੰ ਡਾਕਟਰੀ ਮਸ਼ਵਰਾ ਨਹੀਂ ਮੰਨਿਆ ਜਾਂਦਾ। ਅਸੀਂ ਕਿਸੇ ਖ਼ਾਸ ਇਲਾਜ ਦੀ ਸਿਫ਼ਾਰਸ਼ ਜਾਂ ਵਕਾਲਤ ਨਹੀਂ ਕਰਦੇ ਅਤੇ ਅਸੀਂ (ਜਾਣਕਾਰੀ ਦੀ) ਵਰਤੋਂ ਕਰਨ ਵਾਲਿਆਂ ਨੂੰ ਬੇਣਤੀ ਕਰਦੇ ਹਾਂ ਕਿ ਉਹ ਜਿੱਥੋਂ ਤੀਕ ਹੋ ਸਕੇ ਵੱਧ ਤੋਂ ਵੱਧ ਸਾਧਨਾਂ ਨਾਲ ਸੰਪਰਕ ਕਰਨ।(ਜਾਣਕਾਰੀ ਦੀ) ਵਰਤੋਂ ਕਰਨ ਵਾਲਿਆਂ ਨੂੰ ਅਸੀਂ ਜ਼ੋਰਦਾਰ ਬੇਣਤੀ ਕਰਦੇ ਹਾਂ ਕਿ ਉਹ ਡਾਕਟਰੀ ਨਾਲ ਸੰਬੰਧਤ ਮਾਮਲੇ ਬਾਰੇ ਫ਼ੈਸਲਾ ਕਰਨ, ਵਰਤਣ ਜਾਂ ਕਾਰਵਾਈ ਕਰਨ ਤੋਂ ਪਹਿਲਾਂ ਯੋਗਤਾਪ੍ਰਾਪਤ ਕੰਮ ਕਰਦੇ ਡਾਕਟਰ ਨਾਲ ਮਸ਼ਵਰਾ ਜ਼ਰੂਰ ਕਰਨ।

ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਵੱਲੋਂ ਮੁਹੱਈਆ ਕੀਤੀ ਜਾਂ ਪ੍ਰਕਾਸ਼ਤ ਕੀਤੀ ਜਾਂ ਇਸ ਰਾਹੀਂ ਪ੍ਰਾਪਤ ਕੀਤੀ ਜਾਣਕਾਰੀ ਦੇ ਠੀਕ ਅਤੇ ਮੁਕੰਮਲ ਹੋਣ ਬਾਰੇ ਅਸੀਂ ਗਰੰਟੀ ਨਹੀਂ ਕਰਦੇ। ਇਸ ਉੱਤੇ ਨਿਰਭਰ ਕਰਦੇ (ਜਾਣਕਾਰੀ ਦੀ) ਵਰਤੋਂ ਕਰਨ ਵਾਲੇ ਵਿਅਕਤੀ ਖ਼ਤਰੇ ਲਈ ਆਪ ਜ਼ਿੰਮੇਵਾਰ ਹੋਣਗੇ। ਅਜਿਹੀ ਜਾਣਕਾਰੀ ਦੀ ਵਰਤੋਂ ਜਾਂ ਦੁਰਵਰਤੋਂ ਦੇ ਨਤੀਜੇ ਦੇ ਤੌਰ ਤੇ ਹੋਈ ਹਾਨੀ ਲਈ ਨਾਂ ਤਾਂ ਸੀ ਏ ਟੀ ਆਈ ਈ (CATIE) ਨਾਂ ਹੀ ਏ ਐੱਸ ਏ ਏ ਪੀ (ASAAP) ਨਾ ਹੀ ਕਨੇਡਾ ਦੀ ਪਬਲਿਕ ਹੈਲਥ ਏਜੰਸੀ, ਨਾ ਹੀ ਉਨ੍ਹਾਂ ਦੇ ਕਰਮਚਾਰੀਆਂ, ਡਾਇਰੈਕਟਰਾਂ, ਅਫ਼ਸਰਾਂ ਜਾਂ ਵਲੰਟੀਅਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਇਥੇ ਪਰਗਟ ਕੀਤੇ ਗਏ ਜਾਂ ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਵੱਲੋਂ ਮੁਹੱਈਆ ਕੀਤੇ ਜਾਂ ਪ੍ਰਕਾਸ਼ਤ ਕੀਤੇ ਜਾਂ ਇਸ ਰਾਹੀਂ ਪ੍ਰਾਪਤ ਕੀਤੇ ਗਏ ਵਿਚਾਰ ਮੁਕੰਮਲ ਤੌਰ ਤੇ ਲੇਖਕਾਂ ਦੇ ਹਨ ਅਤੇ ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਜਾਂ ਕਨੇਡਾ ਦੀ ਪਬਲਿਕ ਹੈਲਥ ਏਜੰਸੀ ਦੀਆਂ ਪਾਲਸੀਆਂ ਅਤੇ ਰਾਵਾਂ ਦੀ ਪ੍ਰਤੀਨਿੱਧਤਾ ਨਹੀਂ ਕਰਦੇ।

Copyright: This Fact Sheet is made available through a collaboration between Alliance for South Asian AIDS Prevention (ASAAP), Asian Community AIDS Services (ACAS) and the Canadian AIDS Treatment Information Exhange (CATIE). Original content developed by ACAS, 2001. Translation into Punjabi and Tamil by ASAAP, 2006.

This information is also available in Chinese, Tagalog and Vietnamese www.acas.org

Funding has been provided by the Public Health Agency of Canada

Supported by an unrestricted educational grant from GlaxoSmithKline in partnership with Shire BioChem